# किरपा बाबे नानक दी

ਕੋਈ ਛਕਾਉਂਦਾ, "ਜਲ ਸੰਗਤ ਨੂੰ" ।
ਕੋਈ ਬਿਠਾਉਂਦਾ, "ਰਲ਼ ਪੰਗਤ ਨੂੰ" ।
ਕਈ ਸੇਵਕ ਪੱਖੇ ਝੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ।
ਥਾਂ ਥਾਂ ਤੇ ਲੰਗਰ ਚੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ॥

ਇਸ ਲੰਗਰ ਵਿੱਚ ਸਤਿਗੁਰੂ ਜੀ ਨੇ, "ਐਸੀ ਬਰਕਤ ਪਾਈ ਜੀ*" ॥
ਛੱਕੋ ਛਕਾਵੋ ਰਲਮਿਲ ਸੰਗਤੇ, "ਤੋਟ ਨਾ ਆਵੇ ਕਾਈ ਜੀ" ।
ਗੁਰ ਛੱਤੀ ਪਦਾਰਥ ਘੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ।
ਥਾਂ ਥਾਂ ਤੇ ਲੰਗਰ ਚੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ॥

ਕਈ ਠੱਗਾਂ ਨੂੰ ਸੱਜਣ ਬਣਾ ਕੇ, "ਐਸੀ ਰੀਤ ਚਲਾ ਦਿੱਤੀ*" ॥
ਘਰ ਘਰ ਦੇ ਵਿੱਚ ਲੰਗਰ ਚੱਲੇ, "ਐਸੀ ਬਣਤ ਬਣਾ ਦਿੱਤੀ" ।
ਸਭ ਕੀਤੇ ਆਪਣੇ ਵੱਲ ਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ।
ਥਾਂ ਥਾਂ ਤੇ ਲੰਗਰ ਚੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ॥

ਵੀਹ ਰੁਪਈਏ ਦੇ ਪਿਤਾ ਨੇ, "ਸੌਦਾ ਕਰਨੇ ਘੱਲਿਆ ਸੀ*" ॥
ਭੁੱਖੇ ਸਾਧੂ ਦੇਖ ਬੈਠਿਆਂ, "ਦੁੱਖ ਗਿਆ ਨਾ ਝੱਲਿਆ ਸੀ" ।
ਏਹ ਸੱਚੇ ਸੌਦੇ ਫੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ।
ਥਾਂ ਥਾਂ ਤੇ ਲੰਗਰ ਚੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ॥

ਤੇਰਾ ਤੇਰਾ ਆਖ਼ ਸਤਿਗੁਰੂ, "ਏਹੇ ਲੰਗਰ ਵਰਤਾਇਆ ਸੀ*" ॥
ਗਊ ਗ਼ਰੀਬ ਦੀ ਕਰਿਓ ਰੱਖਿਆ, "ਸਭ ਨੂੰ ਏਹ ਸਮਝਾਇਆ ਸੀ" ।
ਸਭ ਦੁਸ਼ਮਣ ਹੋਵਣ ਵੱਲ ਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ।
ਥਾਂ ਥਾਂ ਤੇ ਲੰਗਰ ਚੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ॥

ਦਾਸ ਨਿਮਾਣੇ ਚੰਦਨ ਉੱਤੇ, "ਐਸੀ ਕਿਰਪਾ ਕਰ ਦਾਤਾ*" ॥
ਹੱਥ ਜੋੜ ਮੈਂ ਕਰਾਂ ਬੇਨਤੀ, "ਸਭ ਦੀ ਝੋਲ਼ੀ ਭਰ ਦਾਤਾ" ।
ਰਹੀਏ ਸੱਚੇ ਮਾਰਗ ਚੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ।
ਥਾਂ ਥਾਂ ਤੇ ਲੰਗਰ ਚੱਲਦੇ,,, "ਏਹੇ ਕਿਰਪਾ ਬਾਬੇ ਨਾਨਕ ਦੀ" ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/24860/title/kirpa-babe-nanak-di

अपने Android मोबाइल पर BhajanGanga App डाउनलोड करें और भजनों का आनंद ले |